# ਨਮੂਨੇ ਦਾ ਪ੍ਰਸ਼ਨ ਪੱਤਰ

## *ਪੰਜਾਬੀ*

## *104*

## **ਬਾਰ੍ਹਵੀਂ** *(XII)*

***Time allowed : 3 hours*** — ***Maximum Marks : 100***

*ਸਮਾਂ ੩ ਘੰਟੇ* — *ਅੰਕ ੧੦੦*

**ਲਿਖਾਈ ਸੁੰਦਰ ਤੇ ਸਾਫ਼-ਸਾਫ਼ ਲਿਖਣ ਦਾ ਯਤਨ ਕਰੋ—**

1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ— **10**

ਭਲਾ ਕੀੜੀ ਦੀ ਵੀ ਕੋਈ ਹਸਤੀ ਹੈ? ਪਰ ਇਹ ਨਿੱਕੇ-ਨਿੱਕੇ ਸਿਪਾਹੀ ਏਨੇ ਮਿਹਨਤੀ ਹਨ ਕਿ ਥਕਾਵਟ ਤੇ ਕੰਮਚੋਰੀ ਸ਼ਬਦ ਇਨ੍ਹਾਂ ਦੇ ਸ਼ਬਦਕੋਸ਼ ਵਿਚ ਹੈ ਹੀ ਨਹੀਂ। ਬੂੰਦ-ਬੂੰਦ ਨਾਲ ਹੀ ਸਮੁੰਦਰ ਬਣ ਜਾਂਦਾ ਹੈ। ਇਉਂ ਹੀ ਇਨ੍ਹਾਂ ਮਦੀਨ ਜੀਵਾਂ ਨੇ ਆਪਣੀ ਲੱਖਾਂ ਸਾਲਾਂ ਦੀ ਨਿਰੰਤਰ ਮੁਸ਼ੱਕਤ ਨਲ ਟਨਾਂ ਦੇ ਟਨ ਮਿੱਟੀ ਖਰੋਚ ਮਾਰੀ। ਇਉਂ ਹੀ ਘੁਮਿਆਰ, ਕੰਨਖਜੂਰੇ, ਮਕੜੀਆਂ, ਚਿੱਚੜ, ਭੂੰਡ, ਸ਼ਹਿਦ ਦੀਆਂ ਮੱਖੀਆਂ ਆਦਿ ਜੀਵ ਲਗਾਤਾਰ ਮਿੱਟੀ ਦੇ ਕਣਾਂ ਨੂੰ ਹਿਲਾਉਂਦੇ ਚਲਾਉਂਦੇ ਅਤੇ ਧਰਤੀ ਦੀਆਂ ਤਹਿਆਂ ਨੂੰ ਪੋਲਿਆਂ ਕਰਦੇ ਰਹਿੰਦੇ ਹਨ ਅਤੇ ਪਾਣੀ ਅਤੇ ਹਵਾ ਲਈ ਰਾਹ ਖੋਲ੍ਹ ਕੇ ਧਰਤੀ ਦੀ ਉਪਜਾਊ ਸ਼ਕਤੀ ਵਧਾਉਂਦੇ ਰਹਿੰਦੇ ਹਨ। ਇਨ੍ਹਾਂ ਦੇ ਸਰੀਰਾਂ ਦਾ ਮਲ ਵੀ ਭੂਮੀ ਵਿਚ ਲੋੜੀਂਦੇ ਕਾਰਬਨਿਕ ਪਦਾਰਥ ਮਿਲਾਉਂਦਾ ਹੈ। ਹੋਰ ਤਾਂ ਹੋਰ, ਮਰਨ ਪਿਛੋਂ ਵੀ ਇਨ੍ਹਾਂ ਦੇ ਸਰੀਰ ਅਜਾਈਂ ਨਹੀਂ ਜਾਂਦੇ। ਕੁਝ ਹੋਰ ਛੋਟੇ ਕਾਮੇ ਇਨ੍ਹਾਂ ਲੋਥਾਂ ਦੀ ਭੰਨ-ਤੋੜ ਕਰਕੇ ਇਨ੍ਹਾਂ ਵਿਚਲੇ ਮਹੱਤਵਪੂਰਨ ਯੋਗਿਕਾਂ ਨੂੰ ਮੁੜ ਮਿੱਟੀ ਵਿਚ ਮਿਲਾ ਦਿੰਦੇ ਹਨ ਅਤੇ ਇਉਂ ਇਨ੍ਹਾਂ ਦੀ ਅਮੀਰੀ ਨੂੰ ਕਾਇਮ ਰੱਖਦੇ ਹਨ।

(ੳ) ਕੀੜੀ ਨੂੰ ਹੋਰ ਕਿਸ ਨਾਂ ਨਾਲ ਪੁਕਾਰਿਆ ਗਿਆ ਹੈ?
(ਅ) ਕੀੜੀਆਂ ਧਰਤੀ ਨੂੰ ਕੀ ਲਾਭ ਪਹੁੰਚਾਉਂਦੀਆਂ ਹਨ?
(ੲ) ਧਰਤੀ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਕੀੜੀਆਂ ਤੋਂ ਇਲਾਵਾ ਹੋਰ ਕਿੰਨਾਂ ਦਾ ਯੋਗਦਾਨ ਹੈ?
(ਸ) 'ਉਪਜਾਊ' ਅਤੇ 'ਅਮੀਰੀ' ਸ਼ਬਦਾਂ ਦੇ ਵਿਰੋਧੀ ਸ਼ਬਦ ਬਣਾਓ।
(ਹ) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

2. ਹੇਠ ਲਿਖਿਆਂ ਵਿੱਚੋਂ **ਕਿਸੇ ਇਕ** ਵਿਸ਼ੇ ਤੇ 200-250 ਸ਼ਬਦਾਂ ਦਾ ਲੇਖ ਲਿਖੋ। **10**

(ੳ) ਭ੍ਰਿਸ਼ਟਾਚਾਰ
(ਅ) ਪੰਜਾਬ ਦੇ ਲੋਕ ਗੀਤ
(ੲ) ਹਕੁ ਪਰਾਇਆ ਨਾਨਕਾ ਉਸ ਸੂਅਰਿ ਉਸ ਗਾਇ..........
(ਸ) ਸੂਚਨਾ ਤਕਨਾਲੋਜੀ ਦਾ ਵੱਧਦਾ ਪ੍ਰਭਾਵ

3. ਆਪਣੇ ਭਰਾ ਦੇ ਵਿਆਹ ਲਈ ਸੱਦਾ ਦਿੰਦੰ ਹੋਏ ਮਿੱਤਰ ਨੂੰ 'ਈ-ਮੇਲ' ਲਿਖੋ। **7**

*ਜਾਂ*

ਆਪਣਾ ਪੁਰਾਣਾ ਸੋਫ਼ਾ ਵੇਚਣ ਲਈ 25-40 ਸ਼ਬਦਾਂ ਵਿੱਚ ਇਸ਼ਤਿਹਾਰ ਤਿਆਰ ਕਰੋ।

4. ਆਪਣੇ ਮੁਹੱਲੇ ਵਿੱਚ ਵੱਧ ਰਹੀ ਗੰਦਗੀ ਬਾਰੇ ਚਿੰਤਾ ਪ੍ਰਗਟ ਕਰਦਿਆਂ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। **8**

*ਜਾਂ*

ਆਪਣੇ ਇਲਾਕੇ ਵਿੱਚ ਹੋ ਰਹੀ ਗ਼ੈਰ ਕਾਨੂੰਨੀ ਉਸਾਰੀ ਦੇ ਖਤਰੇ ਨੂੰ ਉਭਾਸਦਿਆਂ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

5. ਹੇਠ ਲਿਖੇ ਮੁਹਾਵਰਿਆਂ ਵਿੱਚੋਂ **ਤਿੰਨ** ਦੇ ਅਰਥ ਸਪੱਸ਼ਟ ਕਰੋ ਅਤੇ ਵਾਕਾਂ ਵਿੱਚ ਵਰਤੋ— **3**

(ੳ) ਟੈਂ ਨਾ ਮੰਨਣੀ

(ਅ) ਪਹਾੜ ਪੁੱਟਣਾ

(ੲ) ਫੜ੍ਹਾਂ ਮਾਰਨੀਆਂ

(ਸ) ਮੱਖੀ ਤੇ ਮੱਖੀ ਮਾਰਨੀ

(ਹ) ਲਾਲ-ਪੀਲਾ ਹੋਣਾ

6. (1) ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ ਜੋੜ ਚੁਣੋ—

(i) (ੳ) ਮਗੱਰ (ਅ) ਮੱਘਰ **2**

(ੲ) ਮੰਗਰ (ਸ) ਮਘਰ

(ii) (ੳ) ਸੁਜ (ਅ) ਸੁੱਝ

(ੲ) ਸੂਜ (ਸ) ਸੂੰਝ

(2) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ— **2**

ਬਗਿਆੜ, ਬੁੱਡਾ

(3) ਸ਼ਬਦ ਜੋੜਾਂ ਦੇ ਨੇਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦੱਸੋ ਕਿ ਹੇਠ ਲਿਖੇ ਵਾਕਾਂ ਵਿਚਲੇ ਲਕੀਰੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਵਰਤਿਆ ਜਾਵੇਗਾ। **2**

(i) ਸੁਖਵਿੰਦਰ ਨੂੰ ਢੋਲ/ਡੋਲ ਵਜਾਣਾ ਚੰਗਾ ਲੱਗਦਾ ਹੈ।

(ii) ਪੜ੍ਹ ਲਿਖ ਕੇ ਉਹ ਸਬ/ਸਭ ਜੱਜ ਲੱਗ ਗਿਆ।

7. ਹੇਠ ਲਿਖੇ ਪੈਰੇ ਨੂੰ ਸਹੀ ਵਿਸਰਾਮ ਚਿੰਨ੍ਹ ਲਗਾਓ— **3**

ਬਚਨੋਂ ਨੇ ਬਾਹਾਂ ਉੱਤੇ ਸਹਾਰ ਕੇ ਮੰਜੇ ਤੇ ਬਿਸਤਰੇ ਫੜਾਏ ਚੰਨਣ ਨੇ ਮੁੜ ਥਾਓਂ ਥਾਈਂ ਨਿਆਣਿਆਂ ਨੂੰ ਪਾਇਆ ਬਚਨੋਂ ਨੇ ਦੀਵਾ ਬੁਝਾ ਕੇ ਜਿੰਦਾ ਲਾਇਆ ਤੇ ਪੌੜੀ ਦੇ ਸਿਖਰਲੇ ਡੰਡੇ ਉੱਤੇ ਚੜ੍ਹਦੀ ਬੋਲੀ ਹੇ ਬ੍ਾਹਗਰੂ ਹੇਠਾਂ ਨਾਲੋਂ ਸਾਹ ਤਾਂ ਆਊਂਦੈ

8. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਕਰੋ— **3**

(i) ਅੰਬਰਸਰ ਗਏ ਅਸੀਂ।

(ii) ਸੁਰਜੀਤ ਦੀ ਟੈਲੀਫੋਨ ਆਈ ਹੈ।

(iii) ਪਈਆਂ ਹਨ ਕਿਤਾਬਾਂ ਮੇਜ ਉੱਤੇ

9. ਹੇਠ ਲਿਖੀਆਂ ਕਾਵਿ ਟੁਕੜੀਆਂ ਵਿਚੋਂ ਕਿਸੇ ਇੱਕ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ— **2x4=8**

ਹਾਏ ਓ ਰੱਬਾ

ਫੜ ਲਿਆ ਚੂਚਾ ਡਾਢਿਆਂ

ਤੇ ਫੜਿਆ ਛੁਰੀ ਹੇਠ ਉਡੀਕੇ ਨਿੱਕਾ ਚੂਚਾ ਰਾਮ ਨੂੰ
ਮਾਰਨ ਵਾਲੇ ਦੀ ਅੱਖ ਵਲ ਟੱਕ ਬੰਨ੍ਹ ਤੱਕਦਾ
ਮਤੇ ਅੱਖ ਨਾਲ ਅੱਖ ਮੇਲ ਉਹ ਹੁਣ ਵੀ ਪਛਾਣ ਲਵੇ
ਆਪੇ ਉਪਰ ਛੁਰੀ ਚਲਦੀ

(1) ਚੂਚਾ ਕਿੰਨਾਂ ਨੇ ਫੜ ਲਿਆ ਹੈ ਤੇ ਕਿਉਂ ?
(2) ਚੂਚਾ ਕਿਸ ਰਾਮ ਨੂੰ ਉਡੀਕ ਰਿਹਾ ਹੈ ?
(3) ਚੂਚਾ ਮਾਰਨ ਵਾਲੇ ਪਾਸੋਂ ਕੀ ਉਮੀਦ ਕਰ ਰਿਹਾ ਹੈ ?
(4) 'ਡਾਢਿਆਂ' ਅਤੇ 'ਟੱਕ ਬੰਨ੍ਹ ਤੱਕਣ' ਦੇ ਅਰਥ ਸਪੱਸ਼ਟ ਕਰੋ।

*ਜਾਂ*

ਏਦਾਂ ਮਜ਼ਦੂਰਾਂ ਦੀ ਝਾਕੀ,
ਜਦ ਮੈਨੂੰ ਦਿਸ ਆਈ,
ਨਾਲ ਪੀੜ ਦੇ ਕਲਵਲ ਹੋ ਕੇ
ਰੂਹ ਮੇਰੀ ਕੁਰਲਾਈ।

(1) ਮਜ਼ਦੂਰਾਂ ਦੀ ਝਾਕੀ ਵਿੱਚ ਕੀ ਹੈ ?
(2) ਇਹਨਾਂ ਸਤਰਾਂ ਨਾਲ ਸੰਬੰਧਿਤ ਕਵੀ ਤੇ ਕਵਿਤਾ ਦਾ ਨਾਂ ਲਿਖੋ।
(3) ਮਜ਼ਦੂਰਾਂ ਦੀ ਝਾਂਕੀ ਤੋਂ ਪਹਿਲਾਂ ਕਿਹੋ ਜਿਹਾ ਦ੍ਰਿਸ਼ ਪੇਸ਼ ਹੋਇਆ ਹੈ ?
(4) 'ਕਲਵਲ' ਤੇ 'ਕੁਰਲਾਈ' ਸ਼ਬਦਾਂ ਦੇ ਅਰਥ ਵਾਕ ਬਣਾ ਕੇ ਸਪੱਸ਼ਟ ਕਰੋ।

10. ਹੇਠ ਦਿੱਤੀਆਂ ਕਾਵਿ ਟੁਕੜੀਆਂ ਵਿਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ— 7

ਕੀ ਹੋਇਆ ਤੇ ਕੀਕੂੰ ਹੋਇਆ,
ਖਪ ਖਪ ਮਰੇ ਸਿਆਣੇ,
ਓਸੇ ਰਾਹ ਪਵੇਂ ਕਿਉਂ ਜਿੰਦੇ!
ਜਿਸ ਰਾਹ ਪੂਰ ਮੁਹਾਣੇ,
ਭਟਕਣ ਛੱਡ, ਲਟਕ ਲਾ ਇੱਕੋ
ਖੀਵੀ ਹੋ ਸੁਖ ਮਾਣੀ,
ਹੋਸ਼ਾਂ ਨਾਲੋਂ ਮਸਤੀ ਚੰਗੀ
ਰਖਦੀ ਸਦਾ ਟਿਕਾਣੇ।

*ਜਾਂ*

ਇਕ ਜਨਮ ਮੈਂ ਇਹੀ ਸੁੰਦਰਾਂ
ਵਤ ਮੈਂ ਸੱਸੀ ਨਾਮ ਧਰਾਇਆ
ਜੋ ਪਹਿਰਨ ਸੀ ਜਲ ਥਲ ਬਣਿਆ
ਉਹੀਓ ਰੇਤ ਦਾ ਕਣ ਕਣ ਹੋਇਆ
ਮੈਂ ਵਿਚ ਥਲਾਂ ਦੇ ਰੋਈ...

11. ਹੇਠ ਲਿਖੇ ਵਾਰਤਾਲਾਪ ਅੰਸ਼ਾਂ ਨੂੰ ਪੜ੍ਹੋ ਅਤੇ ਕਿਸੇ **ਇੱਕ** ਹੇਠ ਦਿੱਤੇ ਪ੍ਰਸਨਾਂ ਦੇ ਉੱਤਰ ਲਿਖੋ— 3

ਘੋਗੇ ਨੇ ਮੰਤਰ ਨੂੰ ਦੁਹਰਾਇਆ ਤੇ ਚੇਤੇ ਕੀਤਾ। ਕਾਲੇ ਸਾਧ ਨੇ ਅੱਗੇ ਕਿਹਾ, 'ਸਾਤ ਦਿਨ ਕੇ ਪਸ਼ਚਾਤ ਏਕ ਔਰ ਤਵੀਤ ਲੇ ਜਾਨਾ। ਵੋ ਇਸਸੇ ਭੀ ਜ਼ੋਰਦਾਰ ਹੋਗਾ।...ਅਬ ਜਾਓ। ਲੇਕਿਨ ਪੀਛੇ ਮੁੜ ਕਰ ਮਤ ਦੇਖਨਾ। ਦੇਖੋਗੇ ਤੇ ਤਵੀਤ

ਔਰ ਮੰਤਰ ਕਾ ਅਸਰ ਖਤਮ ਹੋ ਜਾਏਗਾ। ... ਜਾਓ।'

(1) ਘੋਗੇ ਨੇ ਕਿਸ ਕੰਮ ਲਈ ਤਵੀਤ ਲਿਆ?

(2) ਕੀ ਘੋਗਾ ਸੱਤ ਦਿਨ ਬਾਦ ਫਿਰ ਤਵੀਤ ਲੈਣ ਗਿਆ?

(3) ਤਵੀਤ ਦਾ ਕੀ ਅਸਰ ਹੋਇਆ?

ਜਾਂ

'ਸੋਨ ਕਾਟੋ!' ਮਾਲੀ ਨੇ ਹੈਰਾਨ ਹੋ ਕੇ ਕਿਹਾ, 'ਮੈਂ ਤਾਂ ਕਦੇ ਕੋਈ ਸੋਨ-ਕਾਟੋ ਨਹੀਂ ਦੇਖੀ। ਏਥੇ ਤਾਂ ਕਾਲੀਆਂ ਧਾਰੀਆਂ ਵਾਲੀਆਂ ਸਲੇਟੀ ਕਾਟੋਆਂ ਫਿਰਦੀਆਂ ਨੇ। ਸੋਨ-ਕਾਟੋ ਹੁੰਦੀ ਕਦੋਂ ਐ।'

(1) ਮਾਲੀ ਕਿਸ ਨਾਲ ਗੱਲ ਕਰ ਰਿਹਾ ਹੈ?

(2) ਸੋਨ-ਕਾਟੋ ਕੋਈ ਕਿਉਂ ਲੱਭ ਰਿਹਾ ਹੈ?

(3) ਕੀ ਸੋਨ-ਕਾਟੋ ਮਿਲੇਗੀ?

12. 'ਗੁਆਚਿਆ ਮੁੰਡਾ' ਨਾਵਲ ਲੇਖਕ ਨੇ ਕਿਸ ਉਦੇਸ਼ ਨੂੰ ਲੈ ਕੇ ਲਿਖਿਆ ਹੈ, ਆਪਣੇ ਸਬਦਾਂ ਵਿੱਚ ਲਿਖੋ। **7**

**ਜਾਂ**

ਨਾਵਲ ਦੇ ਮੁੱਖ ਪਾਤਰ 'ਘੋਗੇ' ਦਾ ਪਾਤਰ ਚਿਤਰਣ ਕਰੋ।

13. ਹੇਠ ਲਿਖੇ ਕਥਾ-ਅੰਸ਼ਾਂ ਵਿਚੋਂ **ਕਿਸੇ ਇੱਕ** ਦੇ ਉੱਤਰ ਲਿਖੋ— **2+2+1=5**

ਡਾਕਟਰ ਦੇ ਇਕ ਹੱਥ ਵਿਚ ਫੜਿਆ ਬੈਗ ਤੇ ਦੂਜੇ ਹੱਥ ਵਿਚ ਸਟੈਥੋਸਕੋਪ ਵੇਖ ਕੇ ਪਹਿਲੀ ਵਾਰੀ ਸਭ ਨੂੰ ਯਕੀਨ ਹੋਇਆ ਕਿ ਦਾਰ ਜੀ ਸੱਚਮੁੱਚ ਬੀਮਾਰ ਸਨ। ਦਿਮਾਗਾਂ ਵਿਚੋਂ ਧੁੰਦ ਸਾਫ਼ ਹੁੰਦੀ ਗਈ ਤੇ ਚੀਜਾਂ ਦੀ ਤਿੱਖੀ ਠੋਸ ਨੁਹਾਰ ਨਿੱਤਰਦੀ ਗਈ!

(1) ਇਹ ਕਥਾ-ਅੰਸ਼ ਕਿਸ ਦੀ ਤੇ ਕਿਹੜੀ ਕਹਾਣੀ ਵਿਚੋਂ ਲਿਆ ਗਿਆ ਹੈ।

(2) ਦਾਰ ਜੀ ਦੇ ਸੱਚਮੁੱਚ ਬੀਮਾਰ ਹੋਣ ਬਾਰੇ ਯਕੀਨ ਕਿਵੇਂ ਆਇਆ?

(3) 'ਯਕੀਨ' ਸ਼ਬਦ ਦਾ ਵਿਰੋਧੀ ਸ਼ਬਦ ਕੀ ਹੈ?

*ਜਾਂ*

ਬੇਬੇ-ਖਾਮਖਾ ਬਾਪੂ ਜੀ ਨੇ, ਉਸ ਨੂੰ ਬੱਚਾ ਪਲਟਣ ਵਿਚ ਭਰਤੀ ਕਰਵਾ ਦਿੱਤਾ। ਬਾਪੂ ਜੀ ਸੈਣੀਆਂ ਦੇ ਬੁੜੇ ਦੀ ਵੀ ਐਵੇਂ ਗੱਲ ਮੰਨ ਲੈਂਦਾ ਹੈ। ਬਾਪੂ ਹੋਰ ਕੀ ਕਰਦਾ ਉਹ ਜੋ ਰੋਜ਼ ਰੋਜ਼ ਲੋਕਾਂ ਦੇ ਅਲ੍ਹਾਂਭੇ ਲਿਆਉਂਦਾ ਸੀ। ਪੜ੍ਹਨਾ ਲਿਖਣਾ ਤਾਂ ਉਸ ਨੂੰ ਜਮਾਂ ਈ ਚੰਗਾ ਨਹੀਂ ਸੀ ਲਗਦਾ ਖਬਰੇ ਕੀ ਮਾਰ ਵਗ ਗਈ ਸੀ। ਭੇਜੋ ਸਕੂਲੇ ਉਹ ਬੇਰੀਆਂ ਹੇਠਾਂ ਬੈਠ ਕੇ ਰੋਟੀਆਂ ਖਾਹ, ਦੁਪਹਿਰਾਂ ਨੂੰ ਘਰ ਆ ਵੜਦਾ ਜਿਵੇਂ ਤੈਨੂੰ ਪਤਾ ਹੀ ਨਹੀਂ ਉਸ ਦੇ ਚਾਲਿਆਂ ਦਾ।

(1) ਇਹ ਕਥਾ-ਅੰਸ਼ ਕਿਸ ਦੀ ਤੇ ਕਿਹੜੀ ਕਹਾਣੀ ਵਿਚੋਂ ਲਿਆ ਗਿਆ ਹੈ।

(2) ਬੱਚਾ ਪਲਟਨ ਵਿਚ ਕਿਸ ਨੂੰ ਭਰਤੀ ਕਰਵਾ ਦਿੱਤਾ ਗਿਆ ਸੀ?

(3) 'ਮਾਰ ਵਗ ਗਈ' ਸ਼ਬਦ ਦਾ ਅਰਥ ਲਿਖੋ।

14. 'ਮਾਂ ਦਾ ਲਾਡਲਾ' ਕਹਾਣੀ ਦਾ ਉਦੇਸ਼ 100-125 ਸ਼ਬਦਾਂ ਵਿਚ ਸਪਸ਼ਟ ਕਰੋ। **5**

***ਜਾਂ***

'ਆਪਣਾ-ਆਪਣਾ ਹਿੱਸਾ' ਕਹਾਣੀ ਦਾ ਸਾਰ 100-125 ਸ਼ਬਦਾਂ ਵਿਚ ਲਿਖੋ।

15. ਗੁਰਮਤਿ ਕਾਵਿ ਬਾਰੇ ਜਾਣਕਾਰੀ 150-200 ਸ਼ਬਦਾਂ ਵਿਚ ਲਿਖੋ। **10**

***ਜਾਂ***

ਆਧੁਨਿਕ ਕਾਵਿ ਦੇ ਵਿਕਾਸ ਬਾਰੇ 150-200 ਸ਼ਬਦਾਂ ਵਿਚ ਚਰਚਾ ਕਰੋ।

**16. ਕਦਰਾਂ ਕੀਮਤਾਂ ਤੇ ਆਧਾਰਿਤ—** **5**

ਅਸੀਂ ਸਾਰੇ ਸਰਕਾਰੀ ਮੁਲਾਜ਼ਮ ਆਂ। ਸਰਕਾਰੀ ਮੁਲਾਜ਼ਮ ਦੇ ਸਿਰ ਤੇ ਲੋਕ ਭਲਾਈ ਦੀ ਜ਼ਿੰਮੇਵਾਰੀ ਲੋਕਾਂ ਨਾਲ ਵਿਸ਼ਵਾਸ਼ਘਾਤ ਕਰਨ ਵਾਲੀ ਗੱਲ ਏ।

**ਉਪਰੋਕਤ ਸਤਰਾਂ ਵਿਚ ਜਿੰਮੇਵਾਰ ਸਰਕਾਰੀ ਮੁਲਾਜ਼ਮ ਦੀ ਤਸਵੀਰ ਨਜ਼ਰ ਆਉਂਦੀ ਹੈ। ਕੀ ਸਾਰੇ ਹੀ ਮੁਲਾਜ਼ਮ ਇਸ ਤਰ੍ਹਾਂ ਦੀ ਭਾਵਨਾ ਰੱਖਦੇ ਹਨ? ਜੇ ਅਜਿਹੀ ਭਾਵਨਾ ਹੈ ਤਾਂ ਸਾਡੇ ਦੇਸ ਦੇ ਸਰਕਾਰੀ ਮਹਿਕਮੇ ਭ੍ਰਿਸ਼ਟ ਕਿਉਂ ਮੰਨੇ ਜਾਂਦੇ ਹਨ? ਆਪਣੇ ਵਿਚਾਰ 100-125 ਸ਼ਬਦਾਂ ਵਿਚ ਦਿਓ।**